ਅਨੁਸ਼ਾਸਨ

## ਸਕੂਲ ਵਿਚ ਬੱਚੇ ਨੂੰ ਕੌਣ ਅਨੁਸ਼ਾਸਿਤ ਕਰਦਾ ਹੈ?

- ਅਧਿਆਪਕ ਬੱਚੇ ਨੂੰ ਅਨੁਸ਼ਾਸਿਤ ਕਰ ਸਕਦੇ ਹਨ।
- ਅਧਿਆਪਕ ਵਿਦਿਆਰਥੀ ਨੂੰ ਅਨੁਸ਼ਾਸਿਤ ਕਰਨ ਲਈ ਸਕੂਲ ਦੇ ਪ੍ਰਬੰਧਕ ਜਾਂ ਕਾਊਂਸਲਰ (ਸਲਾਹਕਾਰ) ਦੀ ਸਹਾਇਤਾ ਲੈ ਸਕਦੇ ਹਨ।
- ਇਕ ਪੁਲਿਸ ਅਫ਼ਸਰ (ਸਕੂਲ ਸੰਪਰਕ ਅਫ਼ਸਰ) ਵੀ ਸਹਾਇਤਾ ਤੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ ਪਰ ਆਪ ਹੀ ਵਿਦਿਆਰਥੀ ਨੂੰ ਅਨੁਸ਼ਾਸਿਤ ਨਹੀਂ ਕਰਦਾ।



## "Discipline at Home and School"

## "ਘਰ ਅਤੇ ਸਕੂਲ ਵਿਚ ਅਨੁਸ਼ਾਸਨ"

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈੱਟਲਮੈਂਟ ਵਰਕਰਾਂ ਵੱਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜ਼ੌਨ ਵਰਕਰਾਂ ਨੇ ਮਿਲ ਕੇ ਕੀਤੀ ਹੈ।

ਅਸੀਂ 'ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੈਲਪਮੈਂਟ' ਅਤੇ 'ਸਿਟਿਜ਼ਨਸ਼ਿਪ ਐਂਡ ਇਮਿਗ੍ਰੇਸ਼ਨ ਕੈਨੇਡਾ' ਵੱਲੋਂ ਮਿਲੀ ਵਿੱਤੀ ਮਦਦ ਲਈ ਧੰਨਵਾਦੀ ਹਾਂ ।

# ਘਰ ਅਤੇ ਸਕੂਲ ਵਿੱਚ ਅਨੁਸ਼ਾਸਨ



## ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ



## ਸਜ਼ਾ ਅਤੇ ਅਨੁਸ਼ਾਸਨ ਵਿਚ ਕੀ ਫਰਕ ਹੈ?

- ਸਜ਼ਾ ਬੱਚਿਆਂ ਨੂੰ ਡਰਾ ਕੇ ਕਾਬੂ ਕਰਨਾ ਹੈ।

- ਬੱਚਿਆਂ ਦਾ ਸਵੈ ਕਾਬੂ ਹੀ ਅਨੁਸ਼ਾਸਨ ਹੈ। ਇਹ ਬੱਚਿਆਂ ਨੂੰ ਸਿਖਾਉਂਦਾ ਹੈ ਕਿ ਉਹਨਾਂ ਦੀਆਂ ਕਾਰਵਾਈਆਂ ਦੇ ਸਿੱਟੇ ਹੁੰਦੇ ਹਨ, ਅਤੇ ਉਹਨਾਂ ਨੂੰ ਸੋਚ ਵਿਚਾਰ ਕਰ ਕੇ ਹੀ ਕੋਈ ਫੈਸਲਾ ਕਰਨਾ ਚਾਹੀਦਾ ਹੈ।

- ਚਪੇੜ ਮਾਰਨਾ, ਕੁੱਟਣਾ ਜਾਂ ਕਿਸੇ ਤਰਾਂ ਦੀ ਸਰੀਰਕ ਸਜ਼ਾ ਦੇਣਾ ਸਫ਼ਲ ਅਨੁਸ਼ਾਸਨ ਨਹੀਂ ਹੈ।

## ਸਰੀਰਕ ਸਜ਼ਾ ਦੇ ਇਲਾਵਾ ਕੀ ਕੀਤਾ ਜਾ ਸਕਦਾ ਹੈ ?

- ਥੋੜੇ ਸਮੇਂ ਲਈ ਬੱਚੇ ਨੂੰ ਇਕੱਲੇ ਰਹਿਣ ਦੇਣਾ, ਇਸ ਨਾਲ ਸਾਰਿਆਂ ਦੇ ਮਨ ਨੂੰ ਸਬਰ ਮਿਲਦਾ ਹੈ। ਫਿਰ ਵਿਚਾਰ ਵਟਾਂਦਰਾ ਕਰੋ ਅਤੇ ਮਸਲਾ ਹੱਲ ਕਰੋ।
- ਬੱਚੇ ਤੋਂ ਰਿਆਇਤਾਂ ਖੋਹ ਲੈਣੀਆਂ, ਜਿਵੇਂ ਕਿ ਉਸਦੀਆਂ ਪਸੰਦ ਵਾਲੀਆਂ ਗਤੀਵਿਧੀਆਂ ਦੀ ਇਜਾਜ਼ਤ ਨਾ ਦੇਣਾ।

## 'ਬੱਚਿਆਂ ਨਾਲ ਦੁਰਵਿਹਾਰ' ਤੋਂ ਕੀ ਭਾਵ ਹੈ ?

ਜੇ ਤੁਸੀਂ ਕਿਸੇ ਬੱਚੇ ਨੂੰ ਅਨੁਸ਼ਾਸਿਤ ਕਰ ਰਹੇ ਹੋ ਅਤੇ ਬੱਚਾ ਸ਼ਰੀਰਕ ਤੌਰ ਤੇ ਫੱਟੜ ਹੋ ਜਾਂਦਾ ਹੈ, ਤਾਂ ਇਸ ਨੂੰ ਬੱਚੇ ਅਤੇ ਪਰਿਵਾਰ ਵਿਕਾਸ ਮੰਤਰਾਲਾ (ਮਨਿਸਟਰੀ ਆਫ਼ ਚਿਲਡਰਨ ਐਂਡ ਫ਼ੈਮਿਲੀ ਡਿਵੈਲਪਮੈਂਟ) (MCFD) ਦੁਰਵਿਹਾਰ ਮੰਨੇਗਾ ਅਤੇ ਇਸਦੀ ਜਾਂਚ ਪੜਤਾਲ ਕਰੇਗਾ।

ਸਾਰੇ ਬਾਲਗਾਂ ਲਈ (ਅਧਿਆਪਕਾਂ ਸਮੇਤ) ਬੱਚਿਆਂ ਨਾਲ ਦੁਰਵਿਹਾਰ ਹੋਣ ਦੇ ਸ਼ੱਕ ਤੇ, ਇਸ ਬਾਰੇ MCFD ਨੂੰ ਇਤਲਾਹ ਕਰਨਾ ਕਨੂੰਨੀ ਤੌਰ ਤੇ ਲਾਜ਼ਮੀ ਹੈ।

MCFD ਦਾ ਫ਼ਰਜ਼ ਹੈ ਕਿ ਬੱਚਿਆਂ ਨਾਲ ਹੋਣ ਵਾਲੇ ਸਾਰੇ ਅਜਿਹੇ ਸ਼ੱਕੀ ਵਾਕਿਆਂ ਦੀ ਜਾਂਚ ਪੜਤਾਲ ਕਰੇ।

ਜੇ ਬੱਚਾ ਆਪਣੇ ਘਰ ਵਿਚ ਸੁਰੱਖਿਅਤ ਨਹੀਂ ਸਮਝਿਆ ਜਾ ਰਿਹਾ ਤਾਂ ਹੋ ਸਕਦਾ ਹੈ ਕਿ ਉਸ ਨੂੰ ਕਿਸੇ ਦੂਸਰੇ ਅਸਥਾਈ ਘਰ ਵਿਚ ਭੇਜਿਆ ਜਾਵੇ।
ਹੋਰ ਜਾਣਕਾਰੀ ਲਈ ਹੇਠ ਲਿਖੇ ਵੈੱਬਸਾਇਟ ਤੇ ਜਾਓ:
www.mcf.gov.bc.ca/child_protection/

## ਸਕੂਲ ਵਿਚ ਅਨੁਸ਼ਾਸਨ ?

- ਸਭ ਸਕੂਲਾਂ ਦੇ ਨਿਯਮ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਸਾਰਿਆਂ (ਵਿਦਿਆਰਥੀਆਂ, ਅਧਿਆਪਕਾਂ, ਮਹਿਮਾਨਾਂ) ਨੂੰ ਕਰਨੀ ਲਾਜ਼ਮੀ ਹੈ।

- ਜੇਕਰ ਤੁਹਾਨੂੰ ਨਿਯਮਾਂ ਬਾਰੇ ਨਹੀਂ ਪਤਾ, ਆਪਣੇ ਸਕੂਲ ਤੋਂ ਉਹਨਾ ਬਾਰੇ ਪਤਾ ਕਰੋ। ਜੇ ਆਪ ਜਾਂ ਆਪ ਦੇ ਬੱਚੇ ਨੂੰ ਨਿਯਮ ਸਮਝਣ ਵਿਚ ਸਹਾਇਤਾ ਦੀ ਜਰੂਰਤ ਹੈ ਤਾਂ ਸਕੂਲ ਜਾਂ ਭਾਈਚਾਰੇ ਵਿਚ ਕਿਸੇ ਨਾਲ ਗੱਲ ਕਰੋ।

- ਜੇ ਵਿਦਿਆਰਥੀ ਸਕੂਲ ਦੇ ਨਿਯਮ ਤੋੜਦੇ ਹਨ, ਤੇ ਉਹਨਾ ਨੂੰ ਸਿੱਟੇ ਭੁਗਤਣੇ ਪੈਂਦੇ ਹਨ।

- ਜੇ ਵਿਦਿਆਰਥੀ ਸੰਗੀਨ ਨਿਯਮ ਤੋੜਦੇ ਹਨ (ਲੜਾਈ, ਧੱਕੇਸ਼ਾਹੀ, ਸਕੂਲ ਵਿਚ ਹਥਿਆਰ ਲੈ ਕੇ ਆਉਣਾ), ਤਾਂ ਉਸਦੇ ਸਿੱਟੇ ਬਹੁਤ ਸਖਤ ਹੁੰਦੇ ਹਨ।

- ਸਕੂਲ ਅਨੁਸ਼ਾਸਨ ਵਿਚ ਕਦੇ ਵੀ ਬੱਚੇ ਨੂੰ ਚਪੇੜ ਮਾਰਨਾ ਜਾਂ ਮਾਰਨਾ ਕੁੱਟਣਾ ਸ਼ਾਮਿਲ ਨਹੀਂ ਹੁੰਦਾ।

